# ਈ ਐੱਸ ਐੱਸ ਬਾਰੇ

## ਐਮਰਜੰਸੀ ਸੋਸ਼ਲ ਸਰਵਿਸਿਜ਼ ਕੀ ਹੈ?

ਐਮਰਜੰਸੀ ਸੋਸ਼ਲ ਸਰਵਿਸਿਜ਼ (ਜਾਂ ਈ ਐੱਸ ਐੱਸ) ਐਮਰਜੰਸੀ ਵਿਚ ਹਰਕਤ ਵਿਚ ਆਉਣ ਵਾਲਾ ਇਕ ਸੂਬਾਈ ਪ੍ਰੋਗਰਾਮ ਹੈ। ਈ ਐੱਸ ਐੱਸ ਉਹ ਸੇਵਾਵਾਂ ਹਨ, ਜਿਨ੍ਹਾਂ ਦੀ ਕਿਸੇ ਐਮਰਜੰਸੀ ਜਾਂ ਆਫ਼ਤ ਤੋਂ ਪ੍ਰਭਾਵਿਤ ਹੋਏ ਲੋਕਾਂ ਦੀ ਸਹਾਇਤਾ ਲਈ ਲੋੜ ਹੈ।

---

## ਬੀ ਸੀ ਵਿਚ ਈ ਐੱਸ ਐੱਸ

ਈ ਐੱਸ ਐੱਸ ਪ੍ਰੋਗਰਾਮ, ਅੱਗੇ ਲਿਖੀਆਂ ਚੀਜ਼ਾਂ ਕਰਕੇ, ਬੀ ਸੀ ਵਿਚ ਐਮਰਜੰਸੀਆਂ ਨਾਲ ਨਜਿੱਠਣ ਵਿਚ ਇਕ ਮਹੱਤਵਪੂਰਨ ਰੋਲ ਨਿਭਾਉਂਦਾ ਹੈ:

- ਲੋਕਾਂ ਦੀ ਆਜ਼ਾਦ ਅਤੇ ਸਵੈ-ਨਿਰਭਰ ਰਹਿਣ ਵਿਚ ਮਦਦ ਕਰਨਾ;
- ਕਿਸੇ ਆਫ਼ਤ ਦੌਰਾਨ ਮੁਢਲੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਵਿਚ ਲੋਕਾਂ ਦੀ ਮਦਦ ਕਰਨਾ;
- ਆਫ਼ਤ ਕਾਰਨ ਜੁਦਾ ਹੋਏ ਪਰਿਵਾਰਾਂ ਨੂੰ ਇਕੱਠੇ ਕਰਨਾ;
- ਹਾਲਤ ਬਾਰੇ ਲੋਕਾਂ ਨੂੰ ਸਹੀ ਅਤੇ ਨਵੀਂ ਜਾਣਕਾਰੀ ਦੇਣਾ;
- ਕਿਸੇ ਆਫ਼ਤ ਤੋਂ ਬਾਅਦ ਜਿੰਨੀ ਵੀ ਛੇਤੀ ਹੋ ਸਕੇ ਲੋਕਾਂ ਦੀ ਮੁੜ ਸਥਾਪਿਤ ਹੋਣ ਵਿਚ ਮਦਦ ਕਰਨਾ;
- ਕਿਸੇ ਆਫ਼ਤ ਤੋਂ ਬਾਅਦ ਜਿੰਨੀ ਵੀ ਛੇਤੀ ਹੋ ਸਕੇ ਲੋਕਾਂ ਦੀ ਮੁੜ ਸਥਾਪਿਤ ਹੋਣ ਵਿਚ ਮਦਦ ਕਰਨਾ;



**ਲੋਕਾਂ ਦੀ ਮਦਦ ਕਰਨਾ**

---

## ਈ ਐੱਸ ਐੱਸ ਕਦੋਂ ਦਿੱਤੀ ਜਾਂਦੀ ਹੈ?

ਭਾਵੇਂ ਕਿ ਈ ਐੱਸ ਐੱਸ, ਉਨ੍ਹਾਂ ਲੋਕਾਂ ਨੂੰ ਸੇਵਾਵਾਂ ਦੇਣ ਲਈ ਤਿਆਰ ਕੀਤੀ ਗਈ ਹੈ ਜਿਹੜੇ ਵੱਡੀਆਂ ਆਫ਼ਤਾਂ ਜਾਂ ਐਮਰਜੰਸੀਆਂ ਦੇ ਅਸਰ ਥੱਲੇ ਆਉਂਦੇ ਹਨ, ਪਰ ਛੋਟੀਆਂ ਐਮਰਜੰਸੀਆਂ ਦੌਰਾਨ ਵੀ ਹੰਗਾਮੀ ਸਮਾਜਿਕ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਉਦਾਹਰਣ ਵਜੋਂ, ਈ ਐੱਸ ਐੱਸ ਕਿਸੇ ਘਰ ਨੂੰ ਅੱਗ ਲੱਗਣ ਤੇ ਜਾਂ ਅਜਿਹੀਆਂ ਆਫ਼ਤਾਂ ਵੇਲੇ ਵੀ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਕਾਰਨ ਕੋਈ ਇਲਾਕਾ ਖਾਲੀ ਕਰਵਾਉਣ ਦੀ ਲੋੜ ਹੋ ਸਕਦੀ ਹੋਵੇ।




**ਸੜਕ ਬੰਦ ਹੈ**

ਬਹੁਤ ਸਾਰੇ ਇਲਾਕਿਆਂ ਵਿਚ, ਛੋਟੀਆਂ ਈ ਐੱਸ ਐੱਸ ਘਟਨਾਵਾਂ ਲਈ, ਜਿਨ੍ਹਾਂ ਵਿਚ ਸਿਰਫ 1 ਜਾਂ 2 ਪਰਿਵਾਰ ਸ਼ਾਮਲ ਹੁੰਦੇ ਹਨ, ਇਹ ਸੇਵਾਵਾਂ ਪਰਸਨਲ ਡਿਜ਼ਾਸਟਰ ਅਸਿਸਟੈਂਸ (ਨਿੱਜੀ ਬਿਪਤਾ ਵਿਚ ਸਹਾਇਤਾ ਦੇ) ਪ੍ਰੋਗਰਾਮ ਰਾਹੀਂ ਦਿੱਤੀਆਂ ਜਾਂਦੀਆਂ ਹਨ।

---

## ਈ ਐੱਸ ਐੱਸ ਵਲੋਂ ਕਿਹੜੀਆਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ?

ਈ ਐੱਸ ਐੱਸ, ਵਿਅਕਤੀਆਂ ਅਤੇ ਪਰਿਵਾਰਾਂ ਨੂੰ ਆਰਜ਼ੀ ਰਾਹਤ ਦਿੰਦੀ ਹੈ ਤਾਂ ਜੋ ਆਫ਼ਤ ਤੋਂ ਬਾਅਦ ਉਹ ਆਪਣੇ ਅਗਲੇ ਕਦਮ ਚੁੱਕਣ ਦੀ ਯੋਜਨਾ ਬਣਾ ਸਕਣ।

**ਈ ਐੱਸ ਐੱਸ ਇਸ ਤਰ੍ਹਾਂ ਦੀਆਂ ਮੁਢਲੀਆਂ ਸੇਵਾਵਾਂ ਦਿੰਦੀ ਹੈ:**

- ਖਾਣਾ;
- ਰਿਹਾਇਸ਼;
- ਕੱਪੜੇ; ਅਤੇ
- ਪਰਿਵਾਰ ਨੂੰ ਇਕੱਠੇ ਕਰਨਾ



**ਵਲੰਟੀਅਰ ਅਭਿਆਸ**

**ਈ ਐੱਸ ਐੱਸ ਇਸ ਤਰ੍ਹਾਂ ਦੀਆਂ ਖਾਸ ਸੇਵਾਵਾਂ ਵੀ ਦੇ ਸਕਦੀ ਹੈ:**

- ਨਿੱਜੀ ਸੇਵਾਵਾਂ;
- ਵਲੰਟੀਅਰ ਸੇਵਾਵਾਂ;
- ਪਬਲਿਕ ਨੂੰ ਜਾਣਕਾਰੀ; ਅਤੇ
- ਫਸਟ ਏਡ (ਮੁਢਲੀ ਸਹਾਇਤਾ);
- ਬੱਚਿਆਂ ਦੀ ਸੰਭਾਲ;
- ਪਾਲਤੂ ਜਾਨਵਰਾਂ ਦੀ ਸੰਭਾਲ;
- ਆਵਾਜਾਈ ਦੀਆਂ ਸੇਵਾਵਾਂ;



**ਵਲੰਟੀਅਰ ਕਮਿਉਨਟੀ ਵਿਚ**

## ਈ ਐੱਸ ਐੱਸ ਕੌਣ ਦਿੰਦਾ ਹੈ?

ਬੀ ਸੀ ਵਿਚ, ਸਥਾਨਕ ਸਰਕਾਰਾਂ ਈ ਐੱਸ ਐੱਸ ਦੀ ਯੋਜਨਾਬੰਦੀ ਕਰਨ ਅਤੇ ਇਸ ਨੂੰ ਚਲਾਉਣ ਲਈ ਜ਼ਿੰਮੇਵਾਰ ਹਨ। ਮੁੱਖ ਤੌਰ ਤੇ ਈ ਐੱਸ ਐੱਸ ਸੇਵਾਵਾਂ ਸਥਾਨਕ ਈ ਐੱਸ ਐੱਸ ਵਲੰਟੀਅਰਾਂ ਅਤੇ ਸਟਾਫ ਵਲੋਂ ਦਿੱਤੀਆਂ ਜਾਂਦੀਆਂ ਹਨ।

ਬੀ ਸੀ ਭਰ ਵਿਚ ਕਮਿਉਨਟੀਆਂ ਵਿਚ ਸਥਿਤ ਈ ਐੱਸ ਐੱਸ ਟੀਮਾਂ ਦੇ ਹਿੱਸੇ ਵਜੋਂ ਤਕਰੀਬਨ 5,000 ਵਲੰਟੀਅਰ ਆਪਣਾ ਸਮਾਂ ਅਤੇ ਸ਼ਕਤੀ ਦਾਨ ਕਰਦੇ ਹਨ। ਈ ਐੱਸ ਐੱਸ ਦੇਣ ਵਿਚ, ਈ ਐੱਸ ਐੱਸ ਦੀਆਂ ਸਹਿਯੋਗੀ ਏਜੰਸੀਆਂ ਦੇ ਵਲੰਟੀਅਰ ਅਤੇ ਸਟਾਫ ਅਤੇ ਮਨਿਸਟਰੀ ਆਫ ਹਿਉਮਨ ਰੀਸੋਰਸਿਜ਼ ਦਾ ਸਟਾਫ ਵੀ ਮਹੱਤਵਪੂਰਨ ਰੋਲ ਨਿਭਾਉਂਦੇ ਹਨ।



**ਫਿਰਤੂ ਸਹਾਇਤਾ ਟੀਮ ਦੀ ਟਰੇਨਿੰਗ ਦੀ ਬੈਠਕ**

ਬੀ ਸੀ ਦੀ ਹਰ ਮਿਊਂਸਪਿਲਟੀ ਕੋਲ ਈ ਐੱਸ ਐੱਸ ਟੀਮ ਹੈ ਜਾਂ ਹੋਣੀ ਚਾਹੀਦੀ ਹੈ। ਈ ਐੱਸ ਐੱਸ ਟੀਮ ਦਾ ਲੀਡਰ ਈ ਐੱਸ ਐੱਸ ਡਾਇਰੈਕਟਰ (ਜਾਂ ਈ ਐੱਸ ਐੱਸ ਡੀ) ਹੁੰਦਾ ਹੈ।

## ਈ ਐੱਸ ਐੱਸ ਕਿਵੇਂ ਦਿੱਤੀ ਜਾਂਦੀ ਹੈ?

ਆਮ ਤੌਰ ਤੇ ਈ ਐੱਸ ਐੱਸ ਟੀਮਾਂ, ਰਿਸੈਪਸ਼ਨ ਸੈਂਟਰਾਂ ਵਿਚ ਆਪਣੇ ਘਰ ਛੱਡਕੇ ਆਉਣ ਵਾਲਿਆਂ ਦੀ ਸਹਾਇਤਾ ਕਰਦੀਆਂ ਹਨ। ਇਹ ਰਿਸੈਪਸ਼ਨ ਸੈਂਟਰ, ਸਥਾਨਕ ਕਮਿਉਨਟੀ ਜਾਂ ਰੈਕਰੀਏਸ਼ਨ ਸੈਂਟਰ, ਧਾਰਮਿਕ ਅਸਥਾਨ ਜਾਂ ਸਕੂਲ ਵਿਚ ਕਾਇਮ ਕੀਤੇ ਹੋ ਸਕਦੇ ਹਨ।

ਈ ਐੱਸ ਐੱਸ ਟੀਮਾਂ ਅੱਗੇ ਲਿਖੀਆਂ ਹਾਲਤਾਂ ਵਿਚ ਵੀ ਸੇਵਾਵਾਂ ਦੇ ਸਕਦੀਆਂ ਹਨ:




**ਰਿਸੈਪਸ਼ਨ ਸੈਂਟਰ ਦਾ ਅਭਿਆਸ**

- ਉਨ੍ਹਾਂ ਲੋਕਾਂ ਲਈ ਸੇਵਾਵਾਂ ਪਹੁੰਚਾਉਣਾ ਜਿਹੜੇ ਆਪਣੇ ਘਰ ਛੱਡਣ ਦੇ ਯੋਗ ਨਹੀਂ ਹਨ;
- ਕਿਸੇ ਵੱਡੀ ਆਫ਼ਤ ਦੌਰਾਨ ਆਪਣੇ ਘਰ ਛੱਡ ਕੇ ਆਏ ਲੋਕਾਂ ਦੀ ਵੱਡੇ ਪੱਧਰ ਤੇ ਸੰਭਾਲ (ਰਿਹਾਇਸ਼ ਅਤੇ ਖਾਣਾ);
- ਆਫ਼ਤ ਦੇ ਸਬੰਧ ਵਿਚ ਕੰਮ ਕਰਦੇ ਕਾਮਿਆਂ ਅਤੇ ਹੋਰਨਾਂ ਦੀ ਸਹਾਇਤਾ ਲਈ ਉਸ ਜਗ੍ਹਾ ਤੇ ਸੇਵਾਵਾਂ।

## ਈ ਐੱਸ ਐੱਸ ਕਿੰਨੇ ਸਮੇਂ ਲਈ ਦਿੱਤੀ ਜਾਂਦੀ ਹੈ?

ਈ ਐੱਸ ਐੱਸ **72 ਘੰਟੇ** ਲਈ ਦਿੱਤੀ ਜਾਂਦੀ ਹੈ। ਇਨ੍ਹਾਂ 72 ਘੰਟਿਆਂ ਦੌਰਾਨ, ਘਰ ਛੱਡ ਕੇ ਆਉਣ ਵਾਲਿਆਂ ਨੂੰ ਆਪਣੇ ਇਨਸ਼ੋਰੈਂਸ ਏਜੰਟਾਂ, ਪਰਿਵਾਰਾਂ ਅਤੇ ਦੋਸਤਾਂ, ਮਨਿਸਟਰੀ ਆਫ ਹਿਊਮਨ ਰੀਸੋਰਸਿਜ਼ ਦੇ ਸਥਾਨਕ ਦਫਤਰਾਂ, ਜਾਂ ਬਿਨਾਂ ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸਥਾਨਕ ਏਜੰਸੀਆਂ ਨਾਲ ਸੰਪਰਕ ਕਰਕੇ ਫੌਰਨ ਆਪਣੇ ਅਗਲੇ ਕਦਮ ਚੁੱਕਣ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

ਖਾਸ ਹਾਲਤਾਂ ਵਿਚ, ਹਰ ਕੇਸ ਨੂੰ ਆਧਾਰ ਬਣਾ ਕੇ, ਪੀ ਈ ਪੀ, ਈ ਐੱਸ ਐੱਸ ਸੇਵਾਵਾਂ ਵਿਚ ਵਾਧੇ ਦੀ ਆਗਿਆ ਵੀ ਦੇ ਸਕਦੀ ਹੈ।

---

## ਤਿਆਰੀ ਕਰਨ ਲਈ ਈ ਐੱਸ ਐੱਸ ਟੀਮਾਂ ਕੀ ਕਰਦੀਆਂ ਹਨ?

**ਈ ਐੱਸ ਐੱਸ ਟੀਮਾਂ ਦੇ ਮੁੱਖ ਕੰਮ ਇਹ ਹਨ:**

- ਰਿਸੈਪਸ਼ਨ ਸੈਂਟਰਾਂ ਦੇ ਤੌਰ ਤੇ ਵਰਤੀਆਂ ਜਾ ਸਕਣ ਵਾਲੀਆਂ ਢੁਕਵੀਂਆਂ ਥਾਂਵਾਂ ਦੀ ਪਛਾਣ ਕਰਨਾ;
- ਵਲੰਟੀਅਰ ਟੀਮਾਂ ਲਈ ਭਰਤੀ ਕਰਨਾ ਅਤੇ ਵਲੰਟੀਅਰਾਂ ਨੂੰ ਟਰੇਨਿੰਗ ਦੇਣਾ;
- ਐਮਰਜੰਸੀ ਨਾਲ ਨਜਿੱਠਣ ਵਾਲੇ ਮੁੱਖ ਸਥਾਨਕ ਵਿਭਾਗਾਂ ਅਤੇ ਆਫ਼ਤ ਵਿਚ ਸਹਾਇਤਾ ਕਰਨ ਵਾਲੀਆਂ ਗੈਰ-ਸਰਕਾਰੀ ਏਜੰਸੀਆਂ ਨਾਲ ਸਬੰਧ ਜੋੜਣਾ;
- ਐਮਰਜੰਸੀਆਂ ਦੌਰਾਨ ਵਸਤਾਂ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਸਥਾਨਕ ਕਾਰੋਬਾਰਾਂ ਅਤੇ ਸਰਵਿਸ ਦੇਣ ਵਾਲੀਆਂ ਸੰਸਥਾਵਾਂ ਨਾਲ ਸਮਝੌਤੇ ਕਰਨਾ।



**ਫਿਰਤੂ ਸਹਾਇਤਾ ਟੀਮ ਦੀ ਟਰੇਨਿੰਗ ਦੀ ਬੈਠਕ**

ਈ ਐੱਸ ਐੱਸ ਪ੍ਰੋਗਰਾਮ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ, ‘Introduction to ESS’ ਨਾਂ ਦੀ ਜਾਣਕਾਰੀ ਪੜ੍ਹੋ।